# ਸਲਾਹ

## ਹੈਲਥ ਕੈਨੇਡਾ ਵੱਲੋਂ ਕੈਨੇਡਾ ਵਾਸੀਆਂ ਨੂੰ ਗੈਰ-ਰਜਿਸਟਰਡ ਖਟਮਲ-ਮਾਰੂ ਉਤਪਾਦਾਂ ਦੀ ਵਰਤੋਂ ਨਾ ਕਰਨ ਦੀ ਚਿਤਾਵਨੀ

**27 ਫਰਵਰੀ 2015**
**ਫੌਰਨ ਰਿਲੀਜ਼ ਲਈ**

### ਮੁੱਦਾ:

23 ਫਰਵਰੀ ਨੂੰ ਹੈਲਥ ਕੈਨੇਡਾ ਨੂੰ ਇੱਕ ਅਜਿਹੇ ਪਦਾਰਥ ਦੇ ਸੰਪਰਕ ਵਿਚ ਆਉਣ ਦੇ ਕਾਰਨ ਇੱਕ ਨਵਜਾਤ ਬੱਚੇ ਦੀ ਮੌਤ ਅਤੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਗੰਭੀਰ ਸੱਟਾਂ ਲਗਣ ਦੀ ਖ਼ਬਰ ਮਿਲੀ ਜੋ ਜਾਪਦਾ ਹੈ ਕਿ ਫਾਸਫੀਨ ਕੀਟ ਨਾਸ਼ਕ ਹੈ। ਉਸ ਤੋਂ ਬਾਅਦ ਇਸ ਘਟਨਾ ਦੇ ਨਤੀਜੇ ਵਜੋਂ ਇੱਕ ਹੋਰ ਬੱਚੇ ਦੀ ਮੌਤ ਹੋ ਗਈ। ਇਸ ਮਨੁੱਖਾਂ ਅਤੇ ਜਾਨਵਰਾਂ ਲਈ ਬਹੁਤ ਜ਼ਹਿਰੀਲੇ ਕੀਟਨਾਸ਼ਕ ਨੂੰ ਨਿੱਜੀ ਵਰਤੋਂ ਲਈ ਵਿਦੇਸ਼ ਤੋਂ ਮੰਗਵਾਇਆ ਗਿਆ ਸੀ ਅਤੇ ਘਰ ਦੇ ਅੰਦਰ ਇਸ ਦੀ ਵਰਤੋਂ ਖਟਮਲਾਂ ਨੂੰ ਮਾਰਨ ਲਈ ਕੀਤੀ ਜਾ ਰਹੀ ਸੀ। ਕੈਨੇਡਾ ਵਿਚ ਫਾਸਫੀਨ ਕੀਟਨਾਸ਼ਕ ਸਿਰਫ ਉਹਨਾਂ ਲੋਕਾਂ ਨੂੰ ਵੇਚੇ ਜਾ ਸਕਦੇ ਹਨ ਜਿਨ੍ਹਾਂ ਕੋਲ ਢੁਕਵਾਂ ਕੀਟਨਾਸ਼ਕ ਐਪਲੀਕੇਟਰ ਸਰਟੀਫੀਕੇਟ ਜਾਂ ਲਾਇਸੈਂਸ ਹੋਵੇ ਅਤੇ ਇਹਨਾਂ ਕੀਟਨਾਸ਼ਕਾਂ ਨੂੰ ਖਟਮਲਾਂ ਨੂੰ ਮਾਰਨ ਵਾਸਤੇ ਵਰਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਫਾਸਫੀਨ ਦੇ ਸੰਪਰਕ ਵਿਚ ਆਉਣ ਕਰਕੇ ਸਿਹਤ ਤੇ ਹੋਣ ਵਾਲੇ ਅਸਰਾਂ ਵਿਚ ਗੰਭੀਰ ਸੱਟ ਅਤੇ ਮੌਤ ਵੀ ਸ਼ਾਮਲ ਹਨ।

ਹੈਲਥ ਕੈਨੇਡਾ ਨੂੰ ਅਜਿਹੀਆਂ ਦੂਜੀਆਂ ਘਟਨਾਵਾਂ ਦੀ ਵੀ ਜਾਣਕਾਰੀ ਹੈ ਜਿਨ੍ਹਾਂ ਵਿਚ ਖਟਮਲਾਂ ਨੂੰ ਮਾਰਨ ਲਈ ਓਜ਼ੋਨ ਜੈਨਰੇਟਰਾਂ (ਓਜ਼ੋਨ ਗੈਸ ਪੈਦਾ ਕਰਨ ਵਾਲੀਆਂ ਮਸ਼ੀਨਾਂ) ਦੀ ਵਰਤੋਂ ਹੋਈ ਹੈ। ਓਜ਼ੋਨ ਪੈਦਾ ਕਰਨ ਵਾਲੀਆਂ ਮਸ਼ੀਨਾਂ ਦੀ ਵਰਤੋਂ ਸੁਰੱਖਿਅਤ ਨਹੀਂ ਹੈ ਅਤੇ ਇਹਨਾਂ ਦੇ ਕਾਰਨ ਖੰਘ, ਛਾਤੀ ਵਿਚ ਦਰਦ, ਸਾਹ ਚੜ੍ਹਨਾ, ਅਤੇ ਅੱਖਾਂ, ਨੱਕ ਅਤੇ ਗਲੇ ਵਿਚ ਜਲਣ ਸਮੇਤ ਸਾਹ ਦੀਆਂ ਤਕਲੀਫਾਂ ਹੋ ਸਕਦੀਆਂ ਹਨ।

ਹੈਲਥ ਕੈਨੇਡਾ ਵੱਲੋਂ ਕੈਨੇਡਾ ਵਾਸੀਆਂ ਨੂੰ ਗੈਰ-ਰਜਿਸਟਰਡ ਕੀਟਨਾਸ਼ਕ ਪਦਾਰਥਾਂ ਦੀ ਵਰਤੋਂ ਤੋਂ ਜ਼ਬਰਦਸਤ ਖਤਰੇ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਇਹਨਾਂ ਪਦਾਰਥਾਂ ਵਿਚ ਵਿਦੇਸ਼ਾਂ ਤੋਂ ਮੰਗਾਏ ਗਏ ਜਾਂ ਵਿਦੇਸ਼ ਯਾਤਰਾ ਦੌਰਾਨ ਖਰੀਦੇ ਗਏ ਪਦਾਰਥ ਵੀ ਸ਼ਾਮਲ ਹਨ। ਡਿਪਾਰਟਮੈਂਟ ਕੈਨੇਡਾ ਵਾਸੀਆਂ ਨੂੰ ਇਹ ਚੇਤਾ ਦੁਆਉਂਦਾ ਹੈ ਕਿ ਕੀਟਨਾਸ਼ਕਾਂ ਦੀ ਵਰਤੋਂ ਸਿਰਫ ਉਹਨਾਂ ਦੇ ਲੇਬਲਾਂ ਤੇ ਦਿੱਤੀਆਂ ਹਿਦਾਇਤਾਂ ਦੇ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ।

### ਅਸਰ ਕਿਸ ਤੇ ਪੈਂਦਾ ਹੈ:

ਉਹ ਕੈਨੇਡਾ ਵਾਸੀ ਜਿਨ੍ਹਾਂ ਦੇ ਘਰਾਂ ਵਿਚ ਖਟਮਲ ਹਨ।

### ਉਪਭੋਗਤਾਵਾਂ ਨੂੰ ਕੀ ਕਰਨਾ ਚਾਹੀਦਾ ਹੈ*

ਖਟਮਲਾਂ ਤੋਂ ਛੁਟਕਾਰਾ ਪਾਣਾ ਬਹੁਤ ਮੁਸ਼ਕਲ ਹੈ। ਹੈਲਥ ਕੈਨੇਡਾ ਇਸ ਗੱਲ ਦੀ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਖਟਮਲਾਂ ਨੂੰ ਮਾਰਨ ਦਾ ਕੰਮ ਲਾਇਸੈਂਸ-ਸ਼ੁਦਾ ਪੇਸ਼ੇਵਰ ਕੀਟਨਾਸ਼ਕ ਨਿਯੰਤ੍ਰਣ ਆਪਰੇਟਰਾਂ ਕੋਲੋਂ ਕਰਵਾਇਆ ਜਾਏ। ਕੈਨੇਡਿਅਨ ਪੈਸਟ ਮੈਨੇਜਮੈਂਟ ਐਸੋਸਿਏਸ਼ਨ) Canadian Pest Management Association) ਨਾਲ ਸੰਪਰਕ ਕਰਕੇ ਜਾਂ ਯੈਲੋ ਪੇਜਿਜ਼ ਵਿਚ ਜਾਂ Canada411.ca 'ਤੇ ਲੱਭ ਕੇ ਸਥਾਨਕ ਕੀਟਾਂ ਨੂੰ ਮਾਰਨ ਵਾਲਿਆਂ ਜਾਂ ਕੀਟਨਾਸ਼ਕ ਨਿਯੰਤ੍ਰਣ ਆਪਰੇਟਰਾਂ ਨਾਲ ਸੰਪਰਕ ਕਰਨ ਦੀ ਜਾਣਕਾਰੀ ਲਈ ਜਾ ਸਕਦੀ ਹੈ।

ਜਿਨ੍ਹਾਂ ਕਿਰਾਏਦਾਰਾਂ ਦੇ ਮਕਾਨ ਵਿਚ ਖਟਮਲ ਹਨ ਉਹਨਾਂ ਨੂੰ ਫੌਰਨ ਮਕਾਨ ਮਾਲਿਕ ਨੂੰ ਇਸਦੀ ਸੂਚਨਾ ਦੇਣੀ ਚਾਹੀਦੀ ਹੈ ਅਤੇ ਇਸ ਮੁਸੀਬਤ ਨਾਲ ਨਜਿੱਠਣ ਬਾਰੇ ਕਿਸੇ ਪਬਲਿਕ ਹੈਲਥ ਅਫਸਰ ਨਾਲ ਗੱਲ ਕਰਨੀ ਚਾਹੀਦੀ ਹੈ।

ਲਾਇਸੈਂਸ-ਸ਼ੁਦਾ ਪੇਸ਼ੇਵਰ ਕੀਟਨਾਸ਼ਕ ਨਿਯੰਤ੍ਰਕ ਪੇਸ਼ੇਵਰ ਕੋਲੋਂ ਕੰਮ ਕਰਵਾਉਣ ਦੇ ਇਲਾਵਾ, ਹੈਲਥ ਕੈਨੇਡਾ ਇਹ ਵੀ ਸਲਾਹ ਦਿੰਦਾ ਹੈ ਕਿ ਖਟਮਲਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਭੌਤਿਕ ਕੰਟਰੋਲ ਅਤੇ ਕੀਟ-ਰੋਕੂ ਕਾਰਵਾਈਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਕਿ ਘਰੇਲੂ ਚੀਜ਼ਾਂ ਦੀ ਸਟੀਮਿੰਗ, ਧੁਲਾਈ ਅਤੇ ਉਹਨਾਂ ਨੂੰ ਬਾਹਰ ਸੁੱਟਣਾ।

ਸਧਾਰਨ ਤੌਰ ਤੇ, ਕੀਟਨਾਸ਼ਕਾਂ ਦੀ ਵਰਤੋਂ ਕਰਨ ਦਾ ਫੈਸਲਾ ਕਰਨ ਵਾਲੇ ਲੋਕਾਂ ਨੂੰ ਹੇਠਲੀਆਂ ਸਾਵਧਾਨੀਆਂ ਜ਼ਰੂਰ ਵਰਤਣੀਆਂ ਚਾਹੀਦੀਆਂ ਹਨ:

- ਸਿਰਫ ਉਹਨਾਂ ਕੀਟਨਾਸ਼ਕਾਂ ਦੀ ਵਰਤੋਂ ਕਰੋ ਜੋ ਹੈਲਥ ਕੈਨੇਡਾ ਦੁਆਰਾ ਰਜਿਸਟਰਡ ਹਨ ਅਤੇ ਸਿਰਫ ਲੇਬਲ ਤੇ ਦਿੱਤੀਆਂ ਹਿਦਾਇਤਾਂ ਮੁਤਾਬਕ ਹੀ ਕੰਮ ਕਰੋ।
- ਕੀਟਨਾਸ਼ਕ ਖਰੀਦਣ ਜਾਂ ਵਰਤਣ ਤੋਂ ਪਹਿਲਾਂ ਲੇਬਲ ਨੂੰ ਧਿਆਨ ਨਾਲ ਪੜ੍ਹੋ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਤੁਹਾਡੀ ਸਥਿਤੀ ਲਈ ਕਿਹੜਾ ਉਤਪਾਦ ਸਭ ਤੋਂ ਚੰਗਾ ਹੈ ਅਤੇ ਉਸਦੀ ਸੁਰੱਖਿਅਤ ਵਰਤੋਂ ਕਿਵੇਂ ਕਰਨੀ ਹੈ।
- ਜੇ ਸਪਸ਼ਟ ਤੌਰ ਤੇ ਅਜਿਹਾ ਨਾ ਲਿਖਿਆ ਹੋਵੇ ਤਾਂ ਇਸਦੀ ਵਰਤੋਂ ਕਿਸੇ ਮਨੁੱਖ, ਪਾਲਤੂ ਜਾਨਵਰ ਜਾਂ ਬਿਸਤਰੇ ਲਈ ਨਾ ਕਰੋ। ਉਦਾਹਰਣ ਲਈ, ਜੇ ਕੀਟਨਾਸ਼ਕ ਪਲੰਗ ਦੇ ਫਰੇਮ ਤੇ ਵਰਤੋਂ ਲਈ ਰਜਿਸਟਰਡ ਹੈ ਤਾਂ ਉਸਦੀ ਵਰਤੋਂ ਗੱਦੇ ਜਾਂ ਬਾਕਸ ਸਪ੍ਰਿੰਗਾਂ ਲਈ ਨਾ ਕਰੋ।
- ਘਰੋਂ ਬਾਹਰ ਵਰਤੋਂ ਵਾਲੇ ਕੀਟਨਾਸ਼ਕਾਂ ਦੀ ਵਰਤੋਂ ਘਰ ਦੇ ਅੰਦਰ ਨਾ ਕਰੋ।
- ਕੀਟਨਾਸ਼ਕ ਦੀ ਵਰਤੋਂ ਬੱਚੇ ਦੇ ਪੰਘੂੜੇ, ਖੇਡਣ ਵਾਲੀ ਥਾਂ ਜਾਂ ਖਿਡੌਣਿਆਂ ਤੇ ਨਾ ਕਰੋ।
- ਘਰ ਵਿਚ ਬਣਾਏ ਗਏ ਕੀਟਨਾਸ਼ਕ ਨਾ ਵਰਤੋ। ਹਾਲਾਂਕਿ ਉਹ ਸਰਲ ਅਤੇ ਸਿੱਧੇ-ਸਾਦੇ ਲੱਗ ਸਕਦੇ ਹਨ ਪਰ ਕਈ ਕੀਟਨਾਸ਼ਕਾਂ ਨੂੰ ਬਣਾਉਣਾ ਅਤੇ ਵਰਤਣਾ, ਦੋਨੋਂ ਕੰਮ ਖਤਰਨਾਕ ਹੋ ਸਕਦੇ ਹਨ। ਇਸ ਨਾਲ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਨੁਕਸਾਨ ਪਹੁੰਚ ਸਕਦਾ ਹੈ।
- ਵਿਦੇਸ਼ ਵਿਚ ਕੀਟਨਾਸ਼ਕਾਂ ਅਤੇ ਦੂਜੇ ਰਸਾਇਣਾਂ ਦੀ ਖਰੀਦਦਾਰੀ ਅਤੇ ਉਹਨਾਂ ਨੂੰ ਕੈਨੇਡਾ ਵਿਚ ਲਿਆਉਣ ਨਾਲ ਜੁੜੇ ਗੰਭੀਰ ਜੋਖਮਾਂ ਉੱਪਰ ਵਿਚਾਰ ਕਰੋ। ਇਹ ਕੰਮ ਗੈਰਕਾਨੂੰਨੀ ਹੋ ਸਕਦਾ ਹੈ ਅਤੇ ਤੁਹਾਡੇ ਖਿਲਾਫ ਕਾਰਵਾਈ ਹੋ ਸਕਦੀ ਹੈ।

## ਹੈਲਥ ਕੈਨੇਡਾ ਕੀ ਕਰ ਰਿਹਾ ਹੈ:

ਹੈਲਥ ਕੈਨੇਡਾ ਦੀ ਕੀਟ ਪ੍ਰਬੰਧਨ ਨਿਯੰਤ੍ਰਕ ਏਜੰਸੀ (ਪੈਸਟ ਮੈਨੇਜਮੈਂਟ ਰੇਗੁਲੇਟਰੀ ਏਜੰਸੀ) ਖਟਮਲਾਂ ਨੂੰ ਕਾਬੂ ਕਰਨ ਸਬੰਧੀ ਸੁਰੱਖਿਆ ਨਾਲ ਜੁੜੀਆਂ ਘਟਨਾਵਾਂ ਤੇ ਕੜੀ ਨਜ਼ਰ ਰੱਖਦੀ ਹੈ ਅਤੇ ਲੋੜ ਪੈਣ ਤੇ ਕਾਨੂੰਨੀ ਕਾਰਵਾਈ ਕਰਦੀ ਹੈ। ਡਿਪਾਰਟਮੈਂਟ ਕੈਨੇਡਾ ਵਾਸੀਆਂ ਨੂੰ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਅਤੇ ਘਰ ਦੇ ਅੰਦਰ ਕੀੜਿਆਂ ਤੇ ਚੰਗੀ ਤਰ੍ਹਾਂ ਕਾਬੂ ਰੱਖਣ ਦੇ ਤਰੀਕਿਆਂ ਬਾਰੇ ਲਗਾਤਾਰ ਸਲਾਹ ਮੁਹੱਈਆ ਕਰ ਰਿਹਾ ਹੈ।

ਕਿਸੇ ਵੀ ਕੀਟਨਾਸ਼ਕ ਪਦਾਰਥ ਨੂੰ ਰਜਿਸਟਰ ਕਰਨ ਤੋਂ ਪਹਿਲਾਂ, ਹੈਲਥ ਕੈਨੇਡਾ ਵਿਗਿਆਨਕ ਆਧਾਰ ਤੇ ਉਸ ਦਾ ਮੁਲਾਂਕਣ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਪਦਾਰਥ ਸਿਹਤ ਅਤੇ ਵਾਤਾਵਰਨ ਸਬੰਧੀ ਕਰੜੀਆਂ ਮੰਗਾਂ ਨੂੰ ਪੂਰਾ ਕਰਦਾ ਹੋਵੇ ਅਤੇ ਨਾਲ ਇਸ ਤੋਂ ਕੋਈ ਫਾਇਦਾ ਹੁੰਦਾ ਹੋਵੇ। ਜੇ ਉਤਪਾਦ ਦੀ ਵਰਤੋਂ ਦੇ ਨਾਲ ਮਨੁੱਖੀ ਸਿਹਤ ਜਾਂ ਵਾਤਾਵਰਨ ਲਈ ਸਵੀਕਾਰ ਨਾ ਕੀਤੇ ਜਾ ਸਕਣ ਵਾਲੇ ਜੋਖਮ ਜੁੜੇ ਹੁੰਦੇ ਹਨ ਤਾਂ ਉਸਨੂੰ ਕੈਨੇਡਾ ਵਿਚ ਵਰਤੋਂ ਲਈ ਰਜਿਸਟਰ ਨਹੀਂ ਕੀਤਾ ਜਾਂਦਾ।

ਕੀਟਨਾਸ਼ਕ ਉਤਪਾਦਾਂ ਨੂੰ ਰਜਿਸਟਰ ਕਰਦੇ ਸਮੇਂ, ਹੈਲਥ ਕੈਨੇਡਾ ਨਵੇਂ ਜਨਮੇ ਅਤੇ ਛੋਟੇ ਬੱਚਿਆਂ, ਗਰਭਵਤੀ ਅਤੇ ਛਾਤੀ ਚੁੰਘਾਉਣ ਵਾਲੀਆਂ ਔਰਤਾਂ ਅਤੇ ਵੱਡੀ ਉਮਰ ਦੇ ਲੋਕਾਂ ਦੇ ਸੰਵੇਦਨਸ਼ੀਲ ਸਮੂਹਾਂ ਨੂੰ ਖਾਸ ਤੌਰ ਤੇ ਧਿਆਨ ਵਿਚ ਰੱਖਦਾ ਹੈ। ਇਹਨਾਂ ਜੋਖਮ ਵਾਲੇ ਲੋਕਾਂ ਦੀ ਰੱਖਿਆ ਕਰਨ ਲਈ ਸਿਹਤ ਅਤੇ ਸੁਰੱਖਿਆ ਦੇ ਕਰੜੇ ਮਿਆਰ ਹਨ।

## ਹੋਰ ਜਾਣਕਾਰੀ ਲਈ:

ਕੀਟਨਾਸ਼ਕਾਂ ਦੀ ਵਰਤੋਂ ਅਤੇ ਨਿਯੰਤ੍ਰਣ ਬਾਰੇ ਹੋਰ ਜਾਣਕਾਰੀ ਲਈ ਕੀਟ ਪ੍ਰਬੰਧਨ ਜਾਣਕਾਰੀ ਸੇਵਾ (ਪੈਸਟ ਮੈਨੇਜਮੈਂਟ ਇਨਫਾਰਮੇਸ਼ਨ ਸਰਵਿਸ) ਨਾਲ 1-800-267-6315 ਤੇ ਸੰਪਰਕ ਕਰੋ।

## ਹੈਲਥ ਕੈਨੇਡਾ ਦੀ ਸਬੰਧਤ ਵੈਬ ਸਮੱਗਰੀ:

Bedbugs – What are they?(ਖਟਮਲ ਕੀ ਹਨ?)

Bedbugs - How do I prevent an infestation? (ਖਟਮਲਾਂ ਦੇ ਪਸਾਰ ਨੂੰ ਕਿਵੇਂ ਰੋਕਿਆ ਜਾਏ?)

Bedbugs - How do I get rid of them? (ਖਟਮਲਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾਏ?)

Bedbugs - How do I make sure they don't come back? (ਕਿਵੇਂ ਯਕੀਨੀ ਬਣਾਇਆ ਜਾਏ ਕਿ ਖਟਮਲ ਵਾਪਸ ਨਾ ਆਉਣ?)

Bedbugs - How do I avoid them when travelling? (ਸਫਰ ਦੌਰਾਨ ਖਟਮਲਾਂ ਤੋਂ ਬਚਾਅ ਕਿਵੇਂ ਕਰੀਏ?)

Bedbugs - Where do I go for more information? (ਖਟਮਲਾਂ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?)

Report a Pesticide Incident (ਕੀਟਨਾਸ਼ਕ ਨਾਲ ਜੁੜੀ ਘਟਨਾ ਦੀ ਸੂਚਨਾ ਦਿਉ)



**ਮੀਡਿਆ ਪੁੱਛ-ਗਿਛ:**
ਹੈਲਥ ਕੈਨੇਡਾ
(613) 957-2983

**ਜਨਤਕ ਪੁੱਛ-ਗਿਛ:**
(613) 957-2991
1-866 225-0709

*Également disponible en français*